**ਦਫਤਰ ਭੋਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**

(ਪੁਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

**ਜਨਤਕ ਸੂਚਨਾਂ**

ਸਬ ਤਹਿਸੀਲ ਮਾਜਰੀ, ਤਹਿਸੀਲ ਖਰੜ, ਐਸ.ਏ.ਐਸ.ਨਗਰ ਵਿਖੇ ਮਨੋਹਰ ਇੰਨਫਰਾਸਟਰਕਚਰ ਪ੍ਰਾ.ਲਿ. ਦੇ ਪ੍ਰੋਜੈਕਟ ਵਿੱਚ ਲੰਘਦੀ 100 ਫੁੱਟ ਚੌੜੀ ਪ੍ਰਵਾਨਤ ਮਾਸਟਰ ਪਲੈਨ ਸੜਕ ਦੀ ਉਸਾਰੀ ਲਈ ਪਿੰਡ ਮਸਤਗੜ੍ਹ ਦੀ ਭੋਂ ਜਿਸ ਦਾ ਕੁੱਲ ਰਕਬਾ 0.625 ਏਕੜ ਹੈ, ਪ੍ਰਾਪਤ ਕਰਨ ਸਬੰਧੀ ਰਾਈਟ ਟੂ ਫੇਅਰ ਕੰਪਨਸੇਸ਼ਨ ਐਂਡ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੀਸ਼ਨ, ਰੀ-ਹੈਬਲੀਟੇਸ਼ਨ ਐਂਡ ਰੀ-ਸੈਟਲਮੈਂਟ ਐਕਟ, 2013 ਦੀ ਧਾਰਾ 11 ਅਤੇ ਧਾਰਾ 19 ਦੀਆਂ ਨੋਟੀਫੀਕੇਸ਼ਨਾਂ ਮਿਤੀ 31-08-2021 ਅਤੇ 08-09-2022 ਕ੍ਰਮਵਾਰ ਜਾਰੀ ਕੀਤੀਆਂ ਗਈਆਂ। ਕਿਉਂਜੋ ਭੋਂ ਪ੍ਰਾਪਤੀ ਐਕਟ, 2013 ਵਿੱਚ ਕੀਤੇ ਉਪਬੰਧਾਂ ਦੀ ਲੋਅ ਵਿੱਚ ਭੋਂ ਪ੍ਰਾਪਤੀ ਸਬੰਧੀ ਅਵਾਰਡ ਮਿਤੀ 07-09-2023 ਤੱਕ ਸੁਣਾਇਆ ਜਾਣਾ ਸੀ। ਪ੍ਰਸ਼ਾਸ਼ਕੀ ਕਾਰਣਾਂ ਕਰਕੇ ਦੇਰੀ ਦੇ ਮਦੇ-ਨਜਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸਹਿਰੀ ਵਿਭਾਗ ਨੇ ਨੋਟੀਫੀਕੇਸਨ ਨੰ.06/06/2019-6ਐਚ.ਜੀ1/1990/1 ਮਿਤੀ 08-09-2023 ਰਾਹੀਂ ਇਸ ਭੋਂ ਦਾ ਅਵਾਰਡ ਸੁਨਾਉਣ ਦਾ ਸਮਾਂ ਮਿਤੀ 07-11-2023 ਤੱਕ ਵਧਾਇਆ ਸੀ। ਪਰੰਤੂ ਪ੍ਰਸ਼ਾਸ਼ਕੀ ਕਾਰਣਾਂ ਕਰਕੇ ਇਸ ਭੋਂ ਦਾ ਅਵਾਰਡ ਸਨਾਉਣ ਵਿੱਚ ਹੋ ਰਹੀ ਦੇਰੀ ਦੇ ਮਦੇ-ਨਜਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸਹਿਰੀ ਵਿਭਾਗ ਨੇ ਨੋਟੀਫੀਕੇਸਨ ਨੰ. 06/06/2019-6ਐਚ.ਜੀ1/2410 ਮਿਤੀ 06-11-2023 ਰਾਹੀਂ ਇਸ ਭੋਂ ਦਾ ਅਵਾਰਡ ਸੁਨਾਉਣ ਦਾ ਸਮਾਂ ਮਿਤੀ 07-01-2024 ਤੱਕ ਵਧਾ ਦਿੱਤਾ ਹੈ।

**ਭੋਂ ਪ੍ਰਾਪਤੀ ਕੁਲੈਕਟਰ**